BRITISH COLUMBIA

BC Confederation of Parent Advisory Councils

ਮਾਪਿਆਂ ਵੱਲ ਚਿੱਠੀ
27 ਮਾਰਚ, 2020

Ref: 218947

ਪਿਆਰੇ ਮਾਪੇ/ਗਾਰਡੀਅਨ

ਅਸੀਂ ਸਮਝਦੇ ਹਾਂ ਕਿ ਇਹ ਤੁਹਾਡੇ ਅਤੇ ਤੁਹਾਡੇ ਬੱਚਿਆਂ ਲਈ ਮੁਸ਼ਕਲ ਸਮਾਂ ਹੈ ਜਦ ਕਿ ਅਸੀਂ ਮਿਲ ਕੇ ਕੰਮ ਕਰ ਰਹੇ ਹਾਂ ਤਾਂ ਕਿ ਇਸ ਵਿਸ਼ਵ-ਵਿਆਪੀ ਮਹਾਮਾਰੀ ਕੋਵਿਡ-19 ਦੇ ਦੌਰਾਨ ਹਰ ਇੱਕ ਦੀ ਸਿਹਤ ਅਤੇ ਸੁਰੱਖਿਆ ਦੀ ਰਾਖੀ ਹੋ ਸਕੇ। ਭਾਵੇਂ ਅਜਿਹੇ ਮਹੱਤਵਪੂਰਣ ਜਨਤਕ ਸਿਹਤ ਮਾਮਲੇ ਹਨ ਜਿਨ੍ਹਾਂ ਦਾ ਸਾਨੂੰ ਸਾਰਿਆਂ ਨੂੰ ਧਿਆਨ ਰੱਖਣ ਦੀ ਲੋੜ ਹੈ, ਪਰ ਅਸੀਂ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੀ ਸਦਭਾਵਨਾ ਤੋਂ ਉਤਸ਼ਾਹਤ ਹਾਂ, ਜੋ ਅਸਾਧਾਰਣ ਤਰੀਕਿਆਂ ਨਾਲ ਇੱਕ ਦੂਜੇ ਦੀ ਮਦਦ ਕਰਨ ਲਈ ਅੱਗੇ ਆ ਰਹੇ ਹਨ।

ਅਸੀਂ ਅੱਜ ਤੁਹਾਨੂੰ ਉਨ੍ਹਾਂ ਕਦਮਾਂ ਬਾਰੇ ਦੱਸਣ ਲਈ ਚਿੱਠੀ ਲਿਖ ਰਹੇ ਹਾਂ ਜੋ ਅਸੀਂ ਤੁਹਾਡੇ ਬੱਚਿਆਂ ਲਈ ਪੜ੍ਹਾਈ ਦੇ ਮੌਕੇ ਜਾਰੀ ਰੱਖਣ ਲਈ ਚੁੱਕ ਰਹੇ ਹਾਂ।

17 ਮਾਰਚ, 2020 ਨੂੰ, ਸੂਬਾਈ ਸਿਹਤ ਅਫ਼ਸਰ ਦੀ ਹਦਾਇਤ ਅਨੁਸਾਰ, ਅਸੀਂ ਬੀ ਸੀ ਵਿੱਚ ਅਗਲੀ ਸੂਚਨਾ ਤੱਕ ਕਲਾਸਾਂ ਵਿੱਚ ਪੜ੍ਹਾਈ ਤੁਰੰਤ ਮੁਅੱਤਲ ਕਰਨ ਦਾ ਮੁਸ਼ਕਲ ਫ਼ੈਸਲਾ ਲਿਆ। ਇਹ ਕਾਰਵਾਈਆਂ ਕੋਵਿਡ-19 ਦੇ ਫ਼ੈਲਾਉ ਦੀ ਰੋਕਥਾਮ ਲਈ ਬੇਹੱਦ ਜ਼ਰੂਰੀ ਹਨ।

ਇਹ ਜਾਣਨਾ ਮਹੱਤਵਪੂਰਣ ਹੈ ਕਿ ਭਾਵੇਂ ਕਲਾਸਾਂ ਵਿੱਚ ਪੜ੍ਹਾਈ ਮੁਅੱਤਲ ਕੀਤੀ ਜਾ ਰਹੀ ਹੈ, ਪਰ ਸਾਡਾ ਸਕੂਲ ਸਿਸਟਮ ਬੰਦ ਨਹੀਂ ਹੋਵੇਗਾ-ਅਸੀਂ ਵਿਦਿਆਰਥੀਆਂ ਅਤੇ ਪ੍ਰਵਾਰਾਂ ਦੀ ਕਈ ਪ੍ਰਕਾਰ ਦੇ ਢੰਗਾਂ ਨਾਲ ਮਦਦ ਕਰਨਾ ਜਾਰੀ ਰੱਖਣ ਲਈ ਖੁੱਲ੍ਹੇ ਰਹਾਂਗੇ। ਅਸੀਂ ਤੁਹਾਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਹਾਂ ਕਿ ਤੁਹਾਡੇ ਪ੍ਰਵਾਰਾਂ ਅਤੇ ਸਾਡੇ ਭਾਈਚਾਰਿਆਂ ਦੀ ਸਿਹਤ ਅਤੇ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ, ਅਤੇ ਇਸ ਦੀ ਸਰਕਾਰ ਦੁਆਰਾ ਲਏ ਜਾਣ ਵਾਲੇ ਸਾਰੇ ਫ਼ੈਸਲਿਆਂ ਵਿੱਚ ਮੋਹਰੀ ਭੂਮਿਕਾ ਹੈ।

ਅਸੀਂ ਤੁਹਾਨੂੰ ਦੱਸਣਾ ਚਾਹੁੰਦੇ ਹਾਂ ਕਿ ਹਰ ਇੱਕ ਵਿਦਿਆਰਥੀ ਨੂੰ ਇੱਕ ਫ਼ਾਈਨਲ ਮਾਰਕ ਮਿਲੇਗਾ, ਅਤੇ ਉਹ ਸਾਰੇ ਵਿਦਿਆਰਥੀ ਜੋ ਅਗਲੇ ਗਰੇਡ ਵਿੱਚ ਜਾਣ ਦੀ ਪ੍ਰਕਿਰਿਆ ਅਧੀਨ ਹਨ, ਪੱਤਝੜ ਵਿੱਚ ਅਜਿਹਾ ਕਰਨਗੇ। ਗਰੇਡ 10 ਅਤੇ 11 ਦੇ ਵਿਦਿਆਰਥੀਆਂ ਲਈ, ਗਰੈਜੂਏਸ਼ਨ ਅਸੈੱਸਮੈਂਟਾਂ ਜੋ ਅਪ੍ਰੈਲ ਵਿੱਚ ਹੋਣੀਆਂ ਤੈਅ ਸਨ, ਮੁਲਤਵੀ ਕਰ ਦਿੱਤੀਆਂ ਜਾਣਗੀਆਂ।

ਹਰ ਇੱਕ ਉਹ ਵਿਦਿਆਰਥੀ ਜੋ ਇਸ ਸਾਲ ਗਰੇਡ 12 ਤੋਂ ਗਰੈਜੂਏਟ ਹੋਣ ਦੇ ਯੋਗ ਹੈ, ਗਰੈਜੂਏਟ ਕਰ ਸਕੇਗਾ। ਗਰੇਡ 12 ਦੇ ਮੌਜੂਦਾ ਵਿਦਿਆਰਥੀਆਂ ਲਈ ਗਰੈਜੂਏਸ਼ਨ ਅਸੈੱਸਮੈਂਟ ਦੀ ਇੱਕੋ ਇੱਕ ਸ਼ਰਤ ਗਰੇਡ 10 ਦੀ ਨਿਉਮਰੇਸੀ ਅਸੈੱਸਮੈਂਟ ਹੈ, ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਜੋ ਵਿਦਿਆਰਥੀ ਗਰੈਜੂਏਟ ਕਰਨ ਦੀ ਪ੍ਰਕਿਰਿਆ ਅਧੀਨ ਹਨ, ਪਰ ਉਨ੍ਹਾਂ ਨੇ ਹਾਲੇ ਇਹ ਅਸੈੱਸਮੈਂਟ ਪੂਰੀ ਨਹੀਂ ਕੀਤੀ, ਨੂੰ ਇਹ ਸ਼ਰਤ ਪੂਰੀ ਕਰਨ ਦਾ ਮੌਕਾ ਮਿਲ ਸਕੇ। ਅਸੀਂ ਇਹ ਵੀ ਯਕੀਨੀ ਬਣਾ ਰਹੇ ਹਾਂ ਕਿ ਹਾਈ ਸਕੂਲ ਤੋਂ ਗਰੈਜੂਏਟ ਹੋ ਰਹੇ ਸਾਰੇ ਵਿਦਿਆਰਥੀਆਂ ਦਾ ਪੋਸਟ-ਸੈਕੰਡਰੀ ਪੱਧਰ ‘ਤੇ ਨਿਰਵਿਘਨ ਪਰਿਵਰਤਨ ਹੋ ਸਕੇ।

ਇਹ ਹਰ ਕਿਸੇ ਲਈ ਚੁਣੌਤੀ ਭਰਪੂਰ ਸਮਾਂ ਹੈ, ਪਰ ਸਾਡਾ ਸਾਰਿਆਂ ਦਾ ਟੀਚਾ ਇੱਕੋ ਹੈ। ਇੱਕ ਸਮਾਜ ਦੇ ਤੌਰ ’ਤੇ, ਸਾਨੂੰ ਬੱਚਿਆਂ ਅਤੇ ਨੌਜੁਆਨਾਂ ਲਈ ਰੋਜ਼ਾਨਾ ਕੰਮਕਾਰ ਅਤੇ ਪੜ੍ਹਾਈ ਦੀ ਇੱਕ ਭਾਵਨਾ ਉਤਪੰਨ ਕਰਨ ਲਈ ਤਰੀਕੇ ਲੱਭਣ ਦੀ ਲੋੜ ਹੈ, ਅਤੇ ਸਿੱਖਣ ਦੇ ਲਗਾਤਾਰ ਮੌਕੇ ਇਸ ਦਾ ਇੱਕ ਬਹੁਤ ਵੱਡਾ ਹਿੱਸਾ ਹੁੰਦੇ ਹਨ।

ਇਹੀ ਕਾਰਣ ਹੈ ਕਿ ਅਸੀਂ ਸਾਰੇ 60 ਸਕੂਲ ਜ਼ਿਲ੍ਹਿਆਂ, ਸੁਤੰਤਰ ਸਕੂਲ ਅਧਿਕਰਣਾਂ, ਫ਼ਸਟ ਨੇਸ਼ਨਜ਼ ਸਕੂਲਾਂ, ਅਧਿਆਪਕਾਂ, ਸਕੂਲ ਲੀਡਰਾਂ, ਸਹਾਇਕ ਸਟਾਫ਼, ਜਨਤਕ ਸਿਹਤ ਅਧਿਕਾਰੀਆਂ ਅਤੇ ਆਪਣੇ ਸਾਰੇ ਸਿੱਖਿਆ ਭਾਈਵਾਲਾਂ ਨਾਲ ਇੱਕ ਸਾਂਝੀ ਪਹੁੰਚ 'ਤੇ ਕੰਮ ਕਰ ਰਹੇ ਹਾਂ। ਵਿਦਿਆਰਥੀਆਂ ਲਈ ਸਿੱਖਿਆ ਯੋਜਨਾਵਾਂ ਵਿਕਸਤ ਕਰਨ ਸਮੇਂ ਅਮਲ ਵਿੱਚ ਲਿਆਉਣ ਲਈ ਸਕੂਲਾਂ ਅਤੇ ਜ਼ਿਲ੍ਹਿਆਂ ਨੂੰ ਹੁਣ ਦਿਸ਼ਾਨਿਰਦੇਸ਼ ਭੇਜ ਦਿੱਤੇ ਗਏ ਹਨ।

ਸਾਰੀ ਯੋਜਨਾਬੰਦੀ ਇਨ੍ਹਾਂ ਸਿਧਾਂਤਾਂ ਦੁਆਰਾ ਨਿਰਦੇਸ਼ਤ ਹੋਵੇਗੀ:

1. ਸਾਰੇ ਵਿਦਿਆਰਥੀਆਂ, ਪ੍ਰਵਾਰਾਂ ਅਤੇ ਕਰਮਚਾਰੀਆਂ ਲਈ ਇੱਕ ਸਿਹਤਮੰਦ ਅਤੇ ਸੁਰੱਖਿਅਤ ਵਾਤਾਵਰਣ ਯਕੀਨੀ ਬਣਾਉਣਾ।
2. ਸਾਡੇ ਜ਼ਰੂਰੀ ਕਾਮਿਆਂ ਦੇ ਬੱਚਿਆਂ ਦੀ ਸਹਾਇਤਾ ਕਰਨ ਲਈ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕਰਨਾ।
3. ਕਮਜ਼ੋਰ ਵਿਦਿਆਰਥੀਆਂ ਦੀ ਮਦਦ ਕਰਨਾ ਜਿਨ੍ਹਾਂ ਨੂੰ ਵਿਸ਼ੇਸ਼ ਸਹਾਇਤਾ ਦੀ ਲੋੜ ਹੋ ਸਕਦੀ ਹੈ।
4. ਸਾਰੇ ਵਿਦਿਆਰਥੀਆਂ ਲਈ ਸਿੱਖਿਆ ਦੇ ਮੌਕੇ ਲਗਾਤਾਰ ਪ੍ਰਦਾਨ ਕਰਨਾ।

ਇਹ ਸਿਧਾਂਤ ਇਹ ਵੀ ਨਿਰਦੇਸ਼ਤ ਕਰਨਗੇ ਕਿ ਸਕੂਲ ਅਸਮਰਥਤਾਵਾਂ ਵਾਲੇ ਅਤੇ ਵਿਭਿੰਨ ਗੁਣਾਂ ਵਾਲੇ ਉਨ੍ਹਾਂ ਵਿਦਿਆਰਥੀਆਂ ਲਈ ਕਿਵੇਂ ਯੋਜਨਾ ਬਣਾਉਣਗੇ ਜਿਨ੍ਹਾਂ ਨੂੰ ਵਧੇਰੇ ਸਿੱਖਿਆ ਸਹਾਇਤਾ ਦੀ ਲੋੜ ਹੈ ਅਤੇ ਇਸ ਦੇ ਨਾਲ ਨਾਲ ਮੀਲ ਪ੍ਰੋਗਰਾਮਾਂ ਵਰਗੀਆਂ ਸੇਵਾਵਾਂ, ਸਕੂਲਾਂ ਦੇ ਅਹਾਤਿਆਂ ਵਿੱਚ ਚੱਲ ਰਹੀ ਬਾਲ-ਸੰਭਾਲ, ਅਤੇ ਸਿਹਤ-ਸੰਭਾਲ ਕਾਮਿਆਂ ਅਤੇ ਪ੍ਰਥਮ ਸੇਵਾ-ਪ੍ਰਦਾਨਕਰਤਾਵਾਂ ਲਈ ਜ਼ਰੂਰੀ ਸੇਵਾਵਾਂ ਵੀ ਕਿਵੇਂ ਯਕੀਨੀ ਬਣਾਉਣਗੇ।

ਬੀ ਸੀ ਵਿਵਿਧਤਾ ਦੇ ਲਿਹਾਜ਼ ਨਾਲ ਇੱਕ ਅਦਭੁਤ ਸੂਬਾ ਹੈ ਅਤੇ ਨਿਰੰਤਰ ਸਿੱਖਿਆ ਪ੍ਰਤੀ ਸਾਰਿਆਂ ਪ੍ਰਤੀ ਇੱਕੋ ਜਿਹੀ ਪਹੁੰਚ ਨਹੀਂ ਹੋ ਸਕਦੀ। ਜੇ ਅਸੀਂ ਸਾਰਿਆਂ ਨੇ ਰਲ ਕੇ ਅੱਗੇ ਵਧਣਾ ਹੈ, ਤਾਂ ਲਚਕਤਾ ਹੀ ਇਸ ਦੀ ਕੁੰਜੀ ਹੈ।

ਕਿਉਂਕਿ ਅਜਿਹੇ ਬਹੁਤ ਸਾਰੇ ਵਿਦਿਆਰਥੀ ਹਨ ਜਿਨ੍ਹਾਂ ਲਈ ਔਨਲਾਈਨ ਕੰਮ ਕਰਨ ਵਿੱਚ ਚੁਣੌਤੀਆਂ ਹੋਣਗੀਆਂ, ਇਸ ਲਈ ਅਸੀਂ ਸਕੂਲਾਂ ਨੂੰ ਨਿਰੰਤਰ ਸਿੱਖਿਆ ਲਈ ਕਈ ਪ੍ਰਕਾਰ ਦੀਆਂ ਪਹੁੰਚਾਂ ਨੂੰ ਧਿਆਨ ਵਿੱਚ ਰੱਖਣ ਲਈ ਕਿਹਾ ਹੈ ਜੋ ਤੁਹਾਡੀਆਂ ਵਿਅਕਤੀਗਤ ਲੋੜਾਂ ਅਤੇ ਸਥਿਤੀ ਦੇ ਮੁਤਾਬਕ ਹੋਣ। ਤੁਹਾਡੇ ਸਕੂਲ ਲੀਡਰ ਸਰਗਰਮੀ ਨਾਲ ਇਨ੍ਹਾਂ ਯੋਜਨਾਵਾਂ 'ਤੇ ਕੰਮ ਕਰ ਰਹੇ ਹਨ ਅਤੇ ਸਾਡਾ ਅਨੁਮਾਨ ਹੈ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਤੁਹਾਡੇ ਭਾਈਚਾਰੇ ਲਈ ਵਿਸ਼ੇਸ਼ ਨਿਰੰਤਰ ਸਿੱਖਿਆ ਅਵਸਰ ਦੇਣ ਲਈ ਇਹ ਤਿਆਰ ਹੋ ਜਾਣਗੇ। ਤੁਸੀਂ ਛੇਤੀ ਹੀ ਆਪਣੇ ਸਕੂਲ ਪ੍ਰਿੰਸੀਪਲਾਂ ਵੱਲੋਂ ਸੰਪਰਕ ਕੀਤੇ ਜਾਣ ਦੀ ਉਮੀਦ ਕਰ ਸਕਦੇ ਹੋ।

ਭਾਵੇਂ ਨਿਰੰਤਰ ਸਿੱਖਿਆ ਦੀ ਬੁਨਿਆਦੀ ਜ਼ਿੰਮੇਵਾਰੀ ਅਧਿਆਪਕਾਂ 'ਤੇ ਆਉਂਦੀ ਹੈ, ਪਰ ਅਸੀਂ ਜਾਣਦੇ ਹਾਂ ਕਿ ਇਸ ਦੌਰਾਨ ਜਦੋਂ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ, ਤਾਂ ਬਹੁਤ ਸਾਰੇ ਮਾਪੇ ਅਤੇ ਗਾਰਡੀਅਨ ਬੱਚਿਆਂ ਦੀ ਘਰੇ ਪੜ੍ਹਾਈ ਕਰਨ ਵਿੱਚ ਮਦਦ ਕਰਨ ਲਈ ਹੋਰ ਵਾਧੂ ਸ੍ਰੋਤਾਂ ਬਾਰੇ ਪੁੱਛ ਰਹੇ ਹਨ। ਇਹੀ ਕਾਰਣ ਹੈ ਕਿ ਅਸੀਂ www.openschool.bc.ca/KeepLearning 'ਤੇ Keep Learning BC ਦਾ ਆਰੰਭ ਕੀਤਾ ਹੈ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਇੱਕ ਕੇਂਦਰੀ ਸਥਾਨ ਹੋਵੇ ਜਿੱਥੇ ਤੁਹਾਨੂੰ ਮੁਫ਼ਤ, ਹਰ ਉਮਰ ਲਈ ਰੋਜ਼ਾਨਾ ਸਿੱਖਿਆ ਗਤੀਵਿਧੀਆਂ ਦੀ ਸੂਚੀ ਮਿਲ ਸਕੇ ਜੋ ਬੀ ਸੀ ਦੇ ਪਾਠਕ੍ਰਮ ਵਿੱਚ ਮਦਦ ਕਰਨ ਲਈ ਬਣਾਈਆਂ ਗਈਆਂ ਹਨ। ਤੁਹਾਨੂੰ ਆਮ ਤੌਰ 'ਤੇ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦਾ ਇੱਕ ਸਮੁੱਚਾ ਸੰਗ੍ਰਿਹ ਵੀ ਮਿਲੇਗਾ ਜੋ ਲਗਾਤਾਰ ਨਵਿਆਇਆ ਜਾਂਦਾ ਰਹੇਗਾ ਜਿਵੇਂ ਜਿਵੇਂ www.gov.bc.ca/SafeSchools/ 'ਤੇ ਚੀਜ਼ਾਂ ਵਿੱਚ ਪ੍ਰਗਤੀ ਹੋਵੇਗੀ।

ਅਸੀਂ ਸਮਝਦੇ ਹਾਂ ਕਿ ਕਈ ਬੱਚੇ ਚਿੰਤਾ ਦਾ ਅਨੁਭਵ ਕਰ ਰਹੇ ਹਨ, ਜਦ ਕਿ ਉਹ ਆਪਣੇ ਅਧਿਆਪਕਾਂ ਅਤੇ ਮਿੱਤਰਾਂ ਨੂੰ ਵੀ ਯਾਦ ਕਰ ਰਹੇ ਹਨ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਆਪਣੇ ਬੱਚਿਆਂ ਨਾਲ ਗੱਲ ਕਰੋ। ਉਨ੍ਹਾਂ ਨੂੰ ਦੱਸੋ ਕਿ ਜੋ ਕਾਰਵਾਈਆਂ ਅਸੀਂ ਕਰ ਰਹੇ ਹਾਂ, ਉਹ ਉਨ੍ਹਾਂ ਦੀ ਸਭ ਤੋਂ ਵਧੀਆ ਸੁਰੱਖਿਆ ਕਰਨ ਲਈ, ਅਤੇ ਕੋਵਿਡ-19 ਦੇ ਲਿਹਾਜ਼ ਨਾਲ ਸਭ ਤੋਂ ਵੱਧ ਕਮਜ਼ੋਰ ਲੋਕਾਂ- ਉਨ੍ਹਾਂ ਦੇ ਦਾਦੇ ਦਾਦੀਆਂ, ਨਾਨੇ ਨਾਨੀਆਂ, ਅਤੇ ਹੋਰ ਬਜ਼ੁਰਗਾਂ ਅਤੇ ਵਡੇਰੀ ਉਮਰ ਦੇ ਅਤੇ ਬੀਮਾਰੀ ਨਾਲ ਲੜ ਸਕਣ ਦੀ ਕਮਜ਼ੋਰ ਸ਼ਕਤੀ ਵਾਲੇ ਲੋਕਾਂ-ਦੇ ਬਚਾਉ ਲਈ ਤਿਆਰ ਕੀਤੀਆਂ ਗਈਆਂ ਹਨ।

ਅਸੀਂ ਰਲ ਕੇ ਇਸ ਨਵੇਂ ਖੇਤਰ ਦਾ ਸਫ਼ਰ ਕਰ ਰਹੇ ਹਾਂ ਅਤੇ ਇੱਕ ਦੂਜੇ ਦੀ ਸਿਹਤ ਅਤੇ ਤੰਦਰੁਸਤੀ ਦਾ ਖ਼ਿਆਲ ਰੱਖਣ ਲਈ ਜੋ ਵੱਧ ਤੋਂ ਵੱਧ ਅਸੀਂ ਕਰ ਸਕਦੇ ਹਾਂ, ਸਾਨੂੰ ਜ਼ਰੂਰ ਕਰਨਾ ਚਾਹੀਦਾ ਹੈ। ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਜਾ ਰਹੀ ਅਟਕਲਬਾਜ਼ੀ, ਗ਼ਲਤ ਜਾਣਕਾਰੀ ਇੱਕ ਅਜਿਹੇ ਸਮੇਂ ਦੌਰਾਨ ਜੋ ਪਹਿਲਾਂ ਹੀ ਅਸਾਧਾਰਣ ਤੌਰ 'ਤੇ ਚਿੰਤਾਜਨਕ ਹੈ, ਬੇਲੋੜਾ ਮਾਨਸਕ ਬੋਝ ਪੈਦਾ ਨਾ ਕਰ ਸਕੇ। ਇਹੀ ਕਾਰਣ ਹੈ ਕਿ ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਬਾਕਾਇਦੀ ਨਾਲ ਸਮੇਂ ਸਿਰ ਜਾਣਕਾਰੀ ਤੁਹਾਡੇ ਤੱਕ ਪਹੁੰਚਾਈ ਜਾ ਸਕੇ, ਤਾਂ ਕਿ ਤੁਹਾਡੇ ਕੋਲ ਅਜਿਹੇ ਤੱਥ ਪਹੁੰਚਣ ਜਿਨ੍ਹਾਂ 'ਤੇ ਤੁਸੀਂ ਭਰੋਸਾ ਕਰ ਸਕੋ।

ਯਾਦ ਰੱਖੋ ਕਿ ਇਹ ਕਾਰਵਾਈਆਂ ਅਸਥਾਈ ਹਨ, ਅਤੇ ਅੱਗੇ ਚੱਲ ਕੇ ਅਸੀਂ ਸਧਾਰਣ ਸਕੂਲੀ ਜੀਵਨ ਵੱਲ ਪਰਤ ਆਵਾਂਗੇ। ਉਦੋਂ ਤੱਕ, ਇੱਕ ਦੂਜੇ ਦਾ ਖ਼ਿਆਲ ਰੱਖੋ। ਅਸੀਂ ਇਸ ਸਥਿਤੀ ਵਿੱਚ ਇੱਕ ਦੂਜੇ ਦੇ ਨਾਲ ਹਾਂ। ਰਲ ਕੇ ਕੰਮ ਕਰਨ ਨਾਲ ਅਤੇ ਇੱਕ ਦੂਜੇ ਨੂੰ ਸਹਾਰਾ ਦੇਣ ਨਾਲ, ਅਸੀਂ ਇਸ ਵਿੱਚੋਂ ਗੁਜ਼ਰ ਸਕਾਂਗੇ।

ਸ਼ੁਭਚਿੰਤਕ,

(ਰੌਬ ਫ਼ਲੈਮਿੰਗ)
ਸਿੱਖਿਆ ਮੰਤਰੀ

(ਐਂਡਰੀਆ ਸਿਨਕਲੇਅਰ)
ਪ੍ਰਧਾਨ
ਬੀ ਸੀ ਕੌਨਫ਼ੈਡਰੇਸ਼ਨ ਔਫ਼ ਪੇਰੈਂਟ ਅਡਵਾਈਜ਼ਰੀ ਕਾਉਂਸਲਜ਼

## ਹੋਰ ਜਾਣਕਾਰੀ

- ਵਿਦਿਆਰਥੀ, ਮਾਪੇ, ਗਾਰਡੀਅਨ ਅਤੇ ਅਧਿਆਪਕ ਸਕੂਲਾਂ ਬਾਰੇ ਸਿੱਖਿਆ ਸ੍ਰੋਤ ਅਤੇ ਸਹੀ, ਸਮੇਂ ਸਿਰ ਜਾਣਕਾਰੀ www.openschool.bc.ca/KeepLearning 'ਤੇ ਵੇਖ ਸਕਦੇ ਹਨ। ਤੁਹਾਨੂੰ ਆਮ ਤੌਰ 'ਤੇ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦਾ ਇੱਕ ਸਮੁੱਚਾ ਸੰਗ੍ਰਿਹ ਵੀ ਮਿਲ ਸਕਦਾ ਹੈ ਜੋ ਲਗਾਤਾਰ ਨਵਿਆਇਆ ਜਾਂਦਾ ਰਹੇਗਾ ਜਿਵੇਂ ਜਿਵੇਂ www.gov.bc.ca/SafeSchools/ 'ਤੇ ਚੀਜ਼ਾਂ ਵਿੱਚ ਪ੍ਰਗਤੀ ਹੋਵੇਗੀ।
- ਮਾਨਸਕ ਸਿਹਤ ਅਤੇ ਔਨਲਾਈਨ ਸੁਰੱਖਿਆ ਸਹਾਇਤਾ ਲਈ, ਸਾਰੇ ਪ੍ਰਵਾਰਾਂ ਨੂੰ ERASE – Expect Respect and a Safe Education ਤੱਕ ਪਹੁੰਚ ਕਰਨੀ ਪਵੇਗੀ-ਜੋ ਇੱਥੇ ਉਪਲਬਧ ਹੈ: erase.gov.bc.ca/
- ਜੇ ਤੁਹਾਡਾ ਬੱਚਾ ਕਿਸੇ ਛੋਟੀ ਜਾਂ ਵੱਡੀ ਸਮੱਸਿਆ ਨਾਲ ਜੂਝ ਰਿਹਾ ਹੈ, ਤਾਂ ਉਹ ਕਿਡਜ਼ ਹੈੱਲਪ ਲਾਈਨ ਨੂੰ ਵੀ ਕਾਲ ਕਰ ਸਕਦੇ ਹਨ, ਜੋ ਉਨ੍ਹਾਂ ਲਈ 1-800-668-6868 'ਤੇ ਉਪਲਬਧ ਇੱਕ ਮੁਫ਼ਤ ਸ੍ਰੋਤ ਹੈ।
- www.gov.bc.ca/COVID19 'ਤੇ ਇੱਕ ਨਵੀਂ ਵੈੱਬਾਈਟ ਲਗਾਤਾਰ ਤਾਜ਼ਾ ਜਾਣਕਾਰੀ ਨਾਲ ਨਵਿਆਈ ਜਾ ਰਹੀ ਹੈ।
- ਕੋਵਿਡ-19 ਬਾਰੇ ਸਿਹਤ ਜਾਣਕਾਰੀ ਬੀ ਸੀ ਸੈਂਟਰ ਫ਼ੌਰ ਡਿਜ਼ੀਜ਼ ਕੰਟਰੋਲ ਦੀ ਵੈੱਬਸਾਈਟ http://www.bccdc.ca/ 'ਤੇ ਮਿਲ ਸਕਦੀ ਹੈ।
- ਗ਼ੈਰ-ਡਾਕਟਰੀ ਕਿਸਮ ਦੇ ਪ੍ਰਸ਼ਨਾਂ ਲਈ, ਇੱਕ ਨਵੀਂ ਟੈਲੀਫ਼ੋਨ ਲਾਈਨ 1-888-COVID19 'ਤੇ ਸਥਾਪਤ ਕੀਤੀ ਗਈ ਹੈ। ਫ਼ੋਨ ਲਾਈਨਾਂ ਹਫ਼ਤੇ ਦੇ ਸੱਤੇ ਦਿਨ ਸਵੇਰੇ 7:30 ਵਜੇ ਤੋਂ ਰਾਤ 8 ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ, ਅਤੇ ਜਾਣਕਾਰੀ 110 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।
- ਉਨ੍ਹਾਂ ਲੋਕਾਂ ਲਈ, ਜਿਨ੍ਹਾਂ ਨੂੰ ਜਾਪਦਾ ਹੈ ਕਿ ਉਨ੍ਹਾਂ ਨੂੰ ਕੋਵਿਡ-19 ਦੇ ਲੱਛਣ ਹਨ, ਸਿਹਤ ਮੰਤਰਾਲੇ ਨੇ https://covid19.thrive.health 'ਤੇ ਇੱਕ ਔਨਲਾਈਨ ਸਵੈ-ਮੁਲਾਂਕਣ ਸਾਧਨ ਵਿਕਸਤ ਕੀਤਾ ਹੈ ਅਤੇ ਲੱਛਣਾਂ ਵਾਲੇ ਲੋਕ ਟੈੱਸਟ ਕਰਾਉਣ ਲਈ ਅਗਾਊਂ ਪ੍ਰਬੰਧ ਕਰਨ ਲਈ 8-1-1 'ਤੇ ਵੀ ਕਾਲ ਕਰ ਸਕਦੇ ਹਨ।